**ਮਾਰੀਸ਼ਸ ਦੀ ਰਾਜਕੀ ਯਾਤਰਾ ਤੋਂ ਪਹਿਲਾਂ ਪ੍ਰਧਾਨ ਮੰਤਰੀ ਦਾ ਬਿਆਨ (10 ਮਾਰਚ, 2025)**

10 ਮਾਰਚ, 2025

ਆਪਣੇ ਮਿੱਤਰ, ਪ੍ਰਧਾਨ ਮੰਤਰੀ ਡਾ. ਨਵੀਨਚੰਦ੍ਰ ਰਾਮਗੁਲਾਮ ਦੇ ਸੱਦੇ 'ਤੇ, ਮੈਂ ਮਾਰੀਸ਼ਸ ਦੇ 57ਵੇਂ ਰਾਸ਼ਟਰੀ ਦਿਵਸ ਦੇ ਸਮਾਰੋਹ ਵਿੱਚ ਹਿੱਸਾ ਲੈਣ ਲਈ ਮਾਰੀਸ਼ਸ ਦੀ ਦੋ ਦਿਨਾਂ ਦੀ ਰਾਜਕੀ ਯਾਤਰਾ 'ਤੇ ਜਾ ਰਿਹਾ ਹਾਂ।

ਮਾਰੀਸ਼ਸ ਇੱਕ ਕਰੀਬੀ ਸਮੁੰਦਰੀ ਗੁਆਂਢੀ, ਹਿੰਦ ਮਹਾਸਾਗਰ ਵਿੱਚ ਇੱਕ ਪ੍ਰਮੁੱਖ ਸਾਂਝੇਦਾਰ ਅਤੇ ਅਫਰੀਕੀ ਮਹਾਂਦੀਪ ਦਾ ਇੱਕ ਪ੍ਰਵੇਸ਼ ਦੁਆਰ ਹੈ। ਅਸੀਂ ਇਤਿਹਾਸ, ਭੂਗੋਲ ਅਤੇ ਸੱਭਿਆਚਾਰ ਨਾਲ ਜੁੜੇ ਹੋਏ ਹਾਂ। ਗਹਿਰਾ ਆਪਸੀ ਵਿਸ਼ਵਾਸ, ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਵਿੱਚ ਸਾਂਝਾ ਵਿਸ਼ਵਾਸ ਅਤੇ ਸਾਡੀ ਵਿਭਿੰਨਤਾ ਦਾ ਉਤਸਵ ਮਨਾਉਣਾ ਸਾਡੀਆਂ ਸ਼ਕਤੀਆਂ ਹਨ। ਲੋਕਾਂ ਦਰਮਿਆਨ ਗੂੜ੍ਹੇ ਅਤੇ ਇਤਿਹਾਸਿਕ ਜੁੜਾਅ ਸਾਂਝੇ ਮਾਣ ਦਾ ਸਰੋਤ ਹੈ। ਅਸੀਂ ਪਿਛਲੇ ਦਸ ਸਾਲਾਂ ਵਿੱਚ ਲੋਕ ਕੇਂਦਰਿਤ ਪਹਿਲਕਦਮੀਆਂ ਦੁਆਰਾ ਮਹੱਤਵਪੂਰਨ ਪ੍ਰਗਤੀ ਕੀਤੀ ਹੈ।

ਮੈਂ ਆਪਣੇ ਵਿਜ਼ਨ ਸਾਗਰ ਦੇ ਹਿੱਸੇ ਦੇ ਰੂਪ ਵਿੱਚ, ਇਸਦੇ ਸਾਰੇ ਪਹਿਲੂਆਂ ਵਿੱਚ ਸਾਡੀ ਸਾਂਝੇਦਾਰੀ ਨੂੰ ਉੱਚਾ ਉਠਾਉਣ ਅਤੇ ਸਾਡੇ ਲੋਕਾਂ ਦੀ ਪ੍ਰਗਤੀ ਅਤੇ ਖੁਸ਼ਹਾਲੀ ਦੇ ਨਾਲ-ਨਾਲ ਹਿੰਦ ਮਹਾਸਾਗਰ ਖੇਤਰ ਵਿੱਚ ਸੁਰੱਖਿਆ ਅਤੇ ਵਿਕਾਸ ਲਈ ਸਾਡੀ ਸਦੀਵੀਂ ਮਿੱਤਰਤਾ ਨੂੰ ਮਜ਼ਬੂਤ ਕਰਨ ਲਈ ਮਾਰੀਸ਼ਸ ਦੇ ਆਗੂਆਂ ਨਾਲ ਜੁੜਨ ਦੇ ਮੌਕੇ ਦੀ ਉਡੀਕ ਵਿੱਚ ਹਾਂ।

ਮੈਨੂੰ ਵਿਸ਼ਵਾਸ ਹੈ ਕਿ ਇਹ ਯਾਤਰਾ ਅਤੀਤ ਦੀ ਨੀਂਹ 'ਤੇ ਅਧਾਰਿਤ ਹੋਵੇਗੀ ਅਤੇ ਭਾਰਤ ਅਤੇ ਮਾਰੀਸ਼ਸ ਦੇ ਸੰਬੰਧਾਂ ਵਿੱਚ ਇੱਕ ਨਵੇਂ ਅਤੇ ਉੱਜਵਲ ਅਧਿਆਏ ਨੂੰ ਜੋੜੇਗੀ।

ਨਵੀਂ ਦਿੱਲੀ

10 ਮਾਰਚ, 2025